**ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.) ਸੰਗਰੂਰ**

**ਪੰਜਾਬ ਆਈ.ਸੀ.ਟੀ. ਸਿੱਖਿਆ ਸੁਸਾਇਟੀ**

**ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-2, ਦੂਸਰੀ ਮੰਜ਼ਿਲ, ਸੰਗਰੂਰ**

**ਈ-ਮੇਲ: ictdeo.se.sangrur@gmail.com, ਫੋਨ ਨੰ. 01672-241941**


---

ਵੱਲ

ਸਬੰਧਤ ਸਕੂਲ ਮੁਖੀ
ਸਸਸਸ/ਸਹਸ
ਜ਼ਿਲ੍ਹਾ ਸੰਗਰੂਰ।

ਮੀਮੋ ਨੰ. ICT/I.T. Quiz/District Level/2016/1100 ਮਿਤੀ ਸੰਗਰੂਰ 21.01.2016

**ਵਿਸ਼ਾ: ਜ਼ਿਲ੍ਹਾ ਪੱਧਰ ਦੇ ਆਈ.ਟੀ. ਕੁਇਜ਼ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਂਪ ਨੂੰ ਲਿਖਿਆ ਜਾਂਦਾ ਹੈ ਕਿ ਜ਼ਿਲ੍ਹਾ ਪੱਧਰ ਦਾ ਡਾ. ਏ.ਪੀ.ਜੇ. ਅਬਦੁਲ ਕਲਾਮ ਆਈ.ਟੀ. ਕੁਇਜ਼ ਮੁਕਾਬਲਾ ਅਗਲੇ ਹਫ਼ਤੇ ਵਿੱਚ ਕੰਡਕਟ ਕਰਵਾਇਆ ਜਾਣਾ ਹੈ। ਇਸ ਸਬੰਧੀ ਜ਼ਰੂਰੀ ਹਦਾਇਤਾਂ ਅਤੇ ਸਿਲੇਬਸ ਹੇਠ ਲਿਖੇ ਅਨੁਸਾਰ ਹੈ।

## ਹਦਾਇਤਾਂ

1. ਜ਼ਿਲ੍ਹਾ ਪੱਧਰ ਦੇ ਆਈ.ਟੀ. ਕੁਇਜ਼ ਮੁਕਾਬਲੇ ਲਈ ਚੁਣੇ ਗਏ ਵਿਦਿਆਰਥੀਆਂ ਦੀ Photograph ਆਪ ਵੱਲੋਂ ਜ਼ਿਲ੍ਹੇ ਦੇ ਵੈਬਸਾਈਟ ਉੱਪਰ Login ਕਰਨ ਉਪਰੰਤ ਤੁਰੰਤ Upload ਕਰੀ ਜਾਵੇ ਅਤੇ ਜੋ ਕੰਪਿਊਟਰ ਫੈਕਲਟੀ ਸਬੰਧਤ ਜਮਾਤ ਦੇ ਵਿਦਿਆਰਥੀ(ਆਂ) ਨੂੰ ਕੰਪਿਊਟਰ ਸਾਇੰਸ ਦਾ ਵਿਸ਼ਾ ਪੜ੍ਹਾਉਂਦਾ ਹੈ, ਦਾ ਨਾਮ ਵੀ ਭਰਿਆ ਜਾਣਾ ਹੈ।
2. ਵਿਦਿਆਰਥੀ(ਆਂ) ਨੂੰ ਜ਼ਿਲ੍ਹਾ ਪੱਧਰ ਦੇ ਕੁਇਜ਼ ਮੁਕਾਬਲੇ ਲਈ ਲਿਆਉਣ ਤੋਂ ਪਹਿਲਾਂ ਆਪ ਨੂੰ ਵਿਦਿਆਰਥੀ ਦਾ Admit Card ਜ਼ਿਲ੍ਹੇ ਦੀ ਵੈਬਸਾਈਟ ਉੱਪਰ ਵਿਦਿਆਰਥੀ ਦੀ ਫੋਟੋ Upload ਕਰਨ ਉਪਰੰਤ ਜਲਦ ਹੀ ਮੁਹੱਈਆ ਕਰਵਾ ਦਿੱਤਾ ਜਾਵੇਗਾ ਜੋ ਕਿ ਆਪ ਵੱਲੋਂ ਵੈਬਸਾਈਟ ਵਿੱਚ Login ਕਰਨ ਉਪਰੰਤ Download ਕਰ ਲਿਆ ਜਾਵੇ ਅਤੇ ਸਕੂਲ ਮੁਖੀ ਤੋਂ ਤਸਦੀਕ ਕਰਵਾ ਕੇ ਇਸ ਦਾ ਪ੍ਰਿੰਟ ਆਊਟ ਜ਼ਿਲ੍ਹਾ ਪੱਧਰ ਦੇ ਕੁਇਜ਼ ਵਾਲੇ ਦਿਨ ਨਾਲ ਲਿਆਂਦਾ ਜਾਵੇ। Admit Card ਤੋਂ ਬਿਨ੍ਹਾਂ ਵਿਦਿਆਰਥੀ ਨੂੰ ਭਾਗ ਲੈਣ ਨਹੀਂ ਦਿੱਤਾ ਜਾਵੇਗਾ। Admit Card ਵਿੱਚ ਜ਼ਿਲ੍ਹਾ ਪੱਧਰੀ ਕੁਇਜ਼ ਦਾ Venue and Time ਦੱਸ ਦਿੱਤਾ ਜਾਵੇਗਾ।
3. ਆਈ.ਟੀ. ਕੁਇਜ਼ ਦੇ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਵਾਲੇ ਦਿਨ ਕੰਪਿਊਟਰ ਫੈਕਲਟੀ ਦਾ ਨਾਲ ਆਉਣਾ ਜ਼ਰੂਰੀ ਹੈ। ਮੁਕਾਬਲੇ ਵਾਲੇ ਦਿਨ Venue 'ਤੇ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ।

## ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਦਾ ਸ਼ਡਿਊਲ ਅਤੇ ਸਿਲੇਬਸ

ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਦੇ 3 **ਰਾਉਂਡਜ਼** ਹੋਣਗੇ।

**ਰਾਉਂਡ 1 : ਬਹੁ-ਪੱਖੀ ਪ੍ਰਸ਼ਨ** (ਕੁੱਲ ਪ੍ਰਸ਼ਨ : 30, ਸਮਾਂ : 15 ਮਿੰਟ), **ਅਨਮੋਲ ਲਿਪੀ ਟਾਈਪਿੰਗ** (ਸਮਾਂ : 5 ਮਿੰਟ)

**ਰਾਉਂਡ 2 : ਟੈਕਨੀਕਲ ਰਾਊਂਡ** (ਕੁੱਲ ਸਮਾਂ : 20 ਮਿੰਟ)

**12ਵੀਂ ਲਈ** (**C ਭਾਸ਼ਾ** ਪ੍ਰੋਗਰਾਮਿੰਗ (6 ਪ੍ਰਸ਼ਨ, 10 ਮਿੰਟ) + **M.S. Excel ਪ੍ਰੈਕਟੀਕਲ** (10 ਪ੍ਰਸ਼ਨ, 10 ਮਿੰਟ))

**10ਵੀਂ ਲਈ** (**HTML** ਕੋਡਿੰਗ (6 ਪ੍ਰਸ਼ਨ, 10 ਮਿੰਟ) + **M.S. Excel ਪ੍ਰੈਕਟੀਕਲ** (10 ਪ੍ਰਸ਼ਨ, 10 ਮਿੰਟ))

**ਰਾਉਂਡ 3 : Fastest Finger First ਰਾਉਂਡ**

ਵਿਦਿਆਰਥੀਆਂ ਦੇ ਸਾਹਮਣੇ ਸਕਰੀਨ 'ਤੇ **ਕੰਪਿਊਟਰ ਵਿਸ਼ੇ ਸਬੰਧੀ General Knowledge ਦੇ** ਪ੍ਰਸ਼ਨ ਡਿਸਪਲੇ ਕੀਤੇ ਜਾਣਗੇ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਸਕਰੀਨਜ਼ 'ਤੇ 4 ਆਪਸ਼ਨਜ਼ ਦਿਖਾਏ ਜਾਣਗੇ। ਸਭ ਤੋਂ ਜ਼ਿਆਦਾ ਸਹੀ ਪ੍ਰਸ਼ਨਾਂ ਦੇ ਉੱਤਰ ਸਭ ਤੋਂ ਘੱਟ ਸਮੇਂ ਵਿੱਚ ਦੇਣ ਵਾਲਾ ਵਿਦਿਆਰਥੀ ਜੇਤੂ ਹੋਵੇਗਾ।

### ਵਿਦਿਆਰਥੀਆਂ ਲਈ ਹਦਾਇਤਾਂ

1. ਵਿਦਿਆਰਥੀ ਆਪਣੇ ਨਾਲ Admit Card ਲੈ ਕੇ ਆਉਣਾ ਯਕੀਨੀ ਬਣਾਉਣ।
2. Admit Card ਉੱਪਰ ਲਿਖੀ Student ID ਨੂੰ ਯਾਦ ਰੱਖਿਆ ਜਾਵੇ ਤਾਂ ਜੋ ਉਹ ਸਾਫਟਵੇਅਰ ਦੁਆਰਾ ਪੁੱਛੇ ਜਾਣ 'ਤੇ ਇਸ ਨੂੰ ਭਰ ਸਕਣ।
3. ਵਿਦਿਆਰਥੀ ਸਕੂਲ ਵਿੱਚ ਅਨੁਸ਼ਾਸਨ ਬਣਾ ਕੇ ਰੱਖਣਾ ਯਕੀਨੀ ਬਣਾਉਣ।

**ਵਿਸ਼ੇਸ਼ ਨੋਟ: ਹਰੇਕ ਰਾਉਂਡ ਦੇ ਅੰਤ ਵਿੱਚ ਵਿੱਦਿਆਰਥੀ ਸ਼ਾਰਟਲਿਸਟ ਕੀਤੇ ਜਾਣਗੇ ਅਤੇ ਤੀਸਰੇ ਰਾਉਂਡ ਦੇ ਅੰਤ ਵਿੱਚ 10ਵੀਂ ਅਤੇ 12ਵੀਂ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ 'ਤੇ ਆਉਣ ਵਾਲੇ ਵਿਦਿਆਰਥੀ ਆਈ.ਟੀ. ਕੁਇਜ਼ ਮੁਕਾਬਲੇ ਦੇ ਜੇਤੂ ਹੋਣਗੇ।**

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)